ਸਚ ਸਭਨਾਂ ਹੋਇ ਦਾਰੂ ਪਾਪ ਕਢੈ ਧੋਇ

ਗੁਰਮੁਖੀ ਏਡੀਛਨ | ੧ ਓ ਵਾਹਿਗੁਰੂਜੀਕੀਫਤਹ | ਅੰਗਰੇਜੀ ਏਡੀਛਨ

ਇਹ ਅਖਬਾਰ ਹਰ ਵੀਰਵਾਰ ਨੂੰ ਪ੍ਰਦੇਸੀ ਹਿੰਦੀ ਭਰਾਵਾਂ ਨੂੰ ਹਰਥਾਂ ਭਾਰਤ ਮਾਤਾ ਤੇ ਕੁਲ ਦੁਨੀਆਂ ਦੀਆਂ ਖਬਰਾਂ ਪੁਚੌਣ ਤੇ ਉਨਾਂ ਨੂੰ ਖਬਰਦਾਰ ਤੇ ਜਥੇਬੰਦ ਕਰਨ ਲਈ ਗੁਰਮੁਖੀ ਵਿਚ ਪ੍ਰਕਾਸਤਂਹੁਦਾ ਹੈ

ਕਨੇਡਾ ਤੇ ਅਮਰੀਕਾ ਦੇ ਗੋਰਿਆਂ ਵਿਚ ਹਿੰਦ ਤੇ ਹਿੰਦੀਆਂ ਦਾ ਕੌਮੀ ਤੇ ਮੁਲਕੀ ਪ੍ਰਚਾਰ ਫੈਲੌਣ ਲਈ ਹਰ ਮਹੀਨੇ ਅੰਗਰੇਜੀ ਵਿਚ ਛਪਦਾ ਹੈ ॥ ਉਸਦਾ ਸਾਲਾਨਾ ਚੰਦਾ ਸਿਰਫ ਦੋ ਡਾਲਰ ਹੈ ॥

## ਹਫਤਾਵਾਰ

# ਇੰਡੀਆ ਐਂਡ ਕੈਨੇਡਾ

**WEEKLY PUNJABI EDITION OF "INDIA AND CANADA" MONTHLY**

**Published at Corner of Fourth and Vine, Vancouver, Canada**

ਦਫਤਰ ੨੦੧੯ ਵਾਇਨ ਸਟਰੀਟ ਵੈਨਕੋਵਰ ਬੀ ਸੀ

ਸਾਲਾਨਾ ਚੰਦਾ ਪੰਜ ਡਾਲਰ

ਜਿਲਦ ਪਹਲੀ | ਵੀਰਵਾਰ ਜੂਨ ੨੬ ੧੯੩੦ | ਨੰਬਰ ੬

## ਹਫਤੇ ਦੀਆਂ ਭਾਰਾਂ

ਬੰਬਈ ਜੂਨ ੧੯ ਪੰਡਤ ਮੋਤੀ ਲਾਲ ਨਿਹਰੂ ਜੀ ਜੋ ਹੁਣ ਕਾਂਗਰਸ ਦੇ ਪ੍ਰਧਾਨ ਹਨ ਕਲ ਜਦ ਅਹਮਦਾਬਾਦ ਤੋਂ ਬੰਬਈ ਪੁਜੇ ਤਾਂ ਇਕ ਬੜੇ ਭਾਰੀ ਜਲੂਸ ਦੇ ਮੋਹਰੇ ਹੋਕੇ ਕਾਂਗਰਸ ਹੌਸ ਨੂੰ ਗਏ ਜਦ ਤੋਂ ਪ੍ਰਦੇਸੀ ਮਾਲ ਦੀਆਂ ਦੁਕਾਨਾਂ ਨੂੰ ਪਿਕਟ ਕਰਨ ਦੇ ਬਰਖਲਾਫ ਵਾਇਸਰਾਇ ਨੇ ਖਾਸ ਆਰਡਰ ਜਾਰੀ ਕੀਤਾ ਹੈ ਉਦ ਤੋਂ ਬੰਬਈ ਤੇ ਹੋਰ ਬੜੇ ਛਹਰਾਂ ਵਿਚ ਦੁਕਾਨਾਂ ਹੋਰ ਭੀ ਜੋਰਛੋਰ ਨਾਲ ਦੂਸਾਨਾਂ ਜਿਆਦਾ ਪਿਕਟ ਕੀਤੀਆਂ ਜਾ ਰਹੀਆਂ ਹਨ ॥ ੧੭ ਜੂਨ ਨੂੰ ਗੋਰਿਆਂ ਦੀਆਂ ਦੁਕਾਨਾਂ ਨੂੰ ਪਿਕਟ ਕਰਨ ਵਾਲੇ ਵਾਲੰਟੀਅਰਾਂ ਤੇ ਪੁਲਸ ਦੇ ਵਿਚਕਾਰ ਬਹੁਤ ਬੜਾ ਹਾਦਸਾ ਹੋਣ ਵਾਲਾ ਸੀ ਪਰ ਹਾਰਕੇ ਪੁਲਸ ਦੇ ਕੁਮਿਛਨਰ ਨੇ ਹਾਰ ਮਨੀ ਤੇ ਵਾਲੰਟੀਅਰਾਂ ਦੇ ਲੀਡਰਾਂ ਨੇ ਸੜਕਾਂ ਪੁਰ ਔਣ ਜਾਣ ਦਾ ਇੰਤਜਾਮ ਅਪਣੇ ਹਥ ਲੈ ਲਿਆ ਤੇ ਪੁਲਸ ਮੁੜਗਈ। ਗੁਜਰਾਤ ਵਿਚ ਮਾਮਲਾ ਨਾਂ ਦੇਣ ਦੀ ਹਵਾ ਦਬਾ ਦਬ ਝੂਲ ਰਹੀ ਹੈ। ਗਵਰਨਮਿੰਟ ਲੋਕਾਂ ਦੀਆਂ ਜੁਮੀਨਾਂ ਤੇ ਮਾਲ ਜਬਤ ਕਰ ਰਹੀ ਹੈ। ਜਦ ਗਵਰਨਮੈਂਟ ਦੇ ਏਜੰਟ ਔਂਦੇ ਦਿਸਦੇ ਹਨ ਲੋਕ ਡੌਂਡੀ ਪਿਟਕੇ ਘਰਾਂ ਨੂੰ ਤਾਲੇ ਲਾਕੇ ਚਲੇ ਜਾਂਦੇ ਹਨ ੧੭ ਜੂਨ ਨੂੰ ਦਿਲੀ ਦੇ ਨੇੜ ਦੇ ਇਕ ਪਿੰਡ ਵਿਚ ੧੭ ਜਿਮੀਦਾਰ ਮਾਮਲਾ ਦੇਣ ਤੋਂ ਇਨਕਾਰ ਕਰਨ ਖਾਤਰ ਫੜੇ ਗਏ। ਮਾਮਲ ਨਾਂ ਦੇਣ ਦੀ ਲਹਰ ਕੁਲ ਇੰਡੀਆ ਵਿਚ ਫੈਲ ਰਹੀ ਹੈ ॥

* * * *

ਲਾਹੌਰ ਜੂਨ ੨੦ ਲਾਹੌਰ ਅੰਮਰਤਸਰ ਲਾਇਲਪੁਰ ਗੁਜਰਾਂਵਾਲੇ ਤੇ ਰਾਵਲਪਿੰਡੀ ਇਨਾਂ ਸਾਰੇ ਹੀ ਛਹਰਾਂ ਵਿਚ ਕਲ ਬੰਬ ਫਟੇ। ਕਈ ਪੁਲਸੀਏ ਫਟੱਰ ਹੋਏ। ਬੰਬ ਸੁੰਨੇ ਖਾਲੀ ਘਰਾਂ ਵਿਚ ਫਟੇ। ਜਦ ਪੁਲਸੀਏ ਘਰ ਦੇ ਨੇੜੇ ਪੁੱਜੇ ਤਾਂ ਟਾਇਮ ਪੁਰ ਕੀਤਾ ਹੋਇਆ ਇਕ ਹੋਰ ਬੰਬ ਫਟਿਆ ਤੇ ਰਪੋਟਾਂ ਦਸਦੀਆਂ ਹਨ ਕਿ ਅੰਤ ਪੁਲਸੀਆਂ ਨੇ ਤਾੜ ਲਿਆ ਕਿ ਇਹ ਜੁਗਤ ਉਨਾਂ ਨੂੰ ਏਸ ਜਾਲ ਵਿਚ ਲਿਆਕੇ ਮਾਰਨ ਦੀ ਹੈ। ਲਾਇਲਪੁਰ ਇਕ ਪੁਲਸ ਇਨਸਪੈਕਟਰ ਸਖਤ ਜਖਮੀ ਹੋਇਆ। ਗੁਜਰਾਂਵਾਲੇ ਭੀ ਪੁਲਸੀਏ ਫਟਰ ਹੋਏ ਤੇ ਮਕਾਨਾਂ ਨੂੰ ਬਹੁਤ ਨੁਕਸਾਨ ਹੋਇਆ। ਸਰਹਦ ਪੁਰ ਲੜਾਈ ਲਗੀ ਜਾ ਰਹੀ ਹੈ। ਅਜ ਬੰਬਈ ਵਿਚ ਸਕੂਲਾਂ ਦੇ ਵਿਦਆਰਥੀਆਂ ਨੇ ਕਾਨੂਨ ਦੇ ਬਰਖਲਾਫ ਜਲੂਸ ਕਢਿਆ ਜਿਨਾਂ ਪੁਰ ਪੁਲਸ ਨੇ ਹੱਲਾ ਕੀਤਾ ਤੇ ੧੬ ਜਖਮੀ ਹੋਏ। ਏਸ ਖਬਰ ਨੂੰ ਸੁਣਕੇ ਕਿ ਪੰਡਤ ਮੋਤੀਲਾਲ ਨੇਹਤੂਜ ਕਲ ਨੂੰ ਵਾਲੰਟੀਅਰਾਂ ਦਾ ਬੰਬਈ ਛਾਉਨੀ ਦੇ ਪਾਸ ਮੁਲਾਹਜਾ ਕਰਨਗੇ ਮਜਸਟਰੇਟ ਨੇ ਹੁਕਮ ਦਿਤਾ ਕਿ ਦੋ ਮਹੀਨੇ ਤਕ ਉਥੇ ਕੋਈ ਵਾਲੰਟੀਅਰ ਨਾਂ ਹੀ ਕੱਠੇ ਹੋਣ ਤੇ ਨਾਂ ਹੀ ਵਰਜਸ ਤੇ ਡਰਿਲ ਕਰਨ। ਬੰਬਈ ਦੀ ਤਾਰ ਦਸਦੀ ਹੈ ਕਿ ਅਜ ਧਰਾਰ ਨਾਮੇ ਫਿਰਕੇ ਨੇ ਗੁਜਰਾਤ ਵਿਚ ਗਦਰ ਕਰ ਦਿਤਾ। ੫੫੦੦ ਆਦਮੀਆਂ ਨੇ ਬੰਦੂਕਾਂ ਤੇ ਹਥਿਆਰਾਂ ਨਾਲ ਕਈ ਜਗਾ ਹੱਲਾ ਕੀਤਾ।

* * * *

ਬੰਬਈ ਜੂਨ ੨੧ ਪੰਡਤ ਮੋਤੀ ਲਾਲ ਨੈਹਰੂ ਜੀ ਦੀ ਸੁਆਗਤ ਪੁਰ ਕਠੇ ਹੋਏ ਜਲੂਸ ਨੂੰ ਤਿਤਰ ਬਿਤਰ ਕਰਨ ਦੇ ਯਤਨ ਵਿਚ ਪੁਲਸ ਨੇ ੫੦ ਆਦਮੀ ਫਟਰ ਕੀਤੇ। ਵਾਲੰਟੀਅਰ ਉਸ ਇਲਾਕੇ ਵਿਚ ਕਠੇ ਹੋਏ ਸਨ ਜਿਥੇ ਕਿ ਉਨਾਂ ਨੂੰ ਕਾਨੂਨੀ ਮਨਾ ਸੀ। ਇਹ ਪਹਿਲਾ ਮੌਕਾ ਹੈ ਕਿ ਭਾਰਤ ਦੀ ਸਪੁਤ੍ਰੀਆਂ ਤੇ ਬੀਬੀਆਂ ਨੇ ਮਰਦਾਂ ਦੇ ਆਲੇ ਦੁਆਲੇ ਘੇਰਾ ਪਾਇਆ ਸੀ ਤੇ ੯ ਉਨਾਂ ਵਿਚੋਂ ਜਖਮੀਂ ਹੋਈਆਂ। ਫਟਰਾਂ ਦੀ ਗਿਣਤੀ ਦਬਾਦਬ ਵਧ ਰਹੀ ਹੈ। ਸ੍ਰੀ ਯੁਤ ਗੋਖੇਲ ਜੀ ਦੀ ਸਪਤਨੀ ਨੇ ਜੋ ਕਿ ਬੰਬਈ ਦੀ ਕੌਂਸਲ ਦੀ ਮੈਂਬਰ ਹੈ ਕਿਹਾ ਕਿ ਲਾਠੀਆਂ ਤੇ ਹਥਿਆਰਾਂ ਦਾ ਸਾਨੂੰ ਕੋਈ ਡਰ ਨਹੀਂ ਹੈ ਅਸੀਂ ਮਰਦਾਂ ਦੇ ਨਾਲ ਖੜੀਆਂ ਹੋਕੇ ਲੜਾਂ ਤੇ ਮਰਾਂਗੀਆਂ। ਬਹਾਦਰ ਬੀਬੀਆਂ ਦੇ ਮਰਦਾਂ ਦੇ ਨਾਲ ਫਟਰ ਹੋਣ ਪੁਰ ਬੰਬਈ ਦੀ ਕਾਂਗਰਸ ਦੀ ਵਾਰ ਕੌਂਸਲ ਨੇ ਇਕ ਦਮ ਹੜਤਾਲ ਦਾ ਹੁਕਮ ਦਿਤਾ। ਅਮਰੀਕਾ ਦੇ ਅਖਬਾਰਾਂ ਦੇ ਪਤ੍ਰ ਪ੍ਰੇਰਕ ਤਾਰ ਦਿੰਦੇ ਹਨ ਕਿ ਜ ਦੇ ਜੁਧ ਵਿਚ ਮਰਦਾਂ ਤੇ ਬੀਬੀਆਂ ਨੇ ਅੰਤ ਹੀ ਬਹਾਦਰੀ ਤੇ ਦਲੇਰੀ ਦਾ ਸਬੂਤ ਦਿਤਾ। ਉਹ

ਕੌਮੀ ਗੀਤ ਗਾ ਰਹੇ ਸਨ ਜਦ ਕਿ ਉ
ਨਾਂ ਦੇ ਜਖਮਾਂ ਤੋਂ ਲਹੂ ਡਿਗ ਰਿਹਾ
ਸੀ ੩੦ ਅਫਸਰ ੪੦ ਘੋੜਿਆਂ ਵਾਲੀ
ਪੁਲਸ ਤੇ ੪੦੦ ਪੈਦਲ ਉਡੀਕ ਵਿਚ ਖ
ੜੇ ਸਨ ਜਦ ਕਿ ਅਮਰਤ ਵੇਲੇ ਵਾਲੰ
ਟੀਅਰਾ ਦਾ ਪਹਿਲਾ ਜਥਾ ਉਥੇ ਪੁੱਜਾ
ਜਿਥੇ ਹੁਕਮਨਹੀਂ ਸੀ। ਪੁਲਸ ਨੇ ਇਕ
ਦਮ ਹੱਲਾ ਕੀਤਾ ਤੇ ੨੫ ਫਟਰ ਕੀਤੇ
ਜਦ ਨੂੰ ਇਕ ਦਮ ਬਹੁਤ ਭਾਰੀ ਜਥਾ
ਝੰਡਿਆਂ ਤੇ ਬਾਜਿਆਂ ਦੇ ਨਾਲ ਨਿਕ
ਲਿਆ ॥

* * * *

ਲੰਡਨ ਜੂਨ ੨੨ ਲੇਬਰ ਪਾਰਟੀ
ਦਾ ਡੇਲੀ ਹੈਰਾਲਡ ਅਖਬਾਰ ਅਪਣੇ ਬੰ
ਬਈ ਦੇ ਪਤ੍ਰ ਪ੍ਰੇਰਕ ਵਲੋਂ ਪੰਡਤ ਮੋਤੀ
ਲਾਲ ਨਾਲ ਹੋਈ ਬਾਤਚੀਤ ਛਾਪਦਾ
ਹੈ। ਪੰਡਤ ਜੀ ਨੇ ਕਿਹਾ ਕਿ ਅਸੀਂ ਅ
ਪਣੇ ਘਰਬਾਰ ਦੇ ਆਪ ਮਾਲਕ ਹੋਏ ਬਿ
ਨਾਂ ਨਹੀਂ ਬਚ ਤੇ ਰਹ ਸਕਦੇ ਤੇ ਏਸ ਲ
ਈ ਇਹ ਜੁਧ ਹੈ। ਅਸੀਂ ਐਸੀਆਂ ਜੋ
ਗ ਛਰਤਾਂ ਮਨਣ ਨੂੰ ਤਿਆਰ ਹਾਂ ਜਿ
ਨਾਂ ਨਾਲ ਗਵਰਨਮੈਂਟ ਅੰਗ੍ਰੇਜਾਂ ਦੇ
ਹੱਥੋਂ ਸਾਡੇ ਹਕ ਬਦਲ ਜਾਵੇ ॥

* * * *

## ਸੂਰਮਾਂ ਲਕਛਮੀ ਪਾਥੀ

ਆਲਮ ਤੇ ਬਹਾਦਰ ਤੇ ਭਾਰਤ ਦੀ
ਸਚੀ ਸਪੁਤ੍ਰੀ ਸ੍ਰੀ ਮਤੀ ਬੀਬੀ ਲਕਛ
ਮੀਪਾਥੀ ਬੀ ਏ ਜੋ ਜਦ ਲੂਣ ਦਾ ਕਾ
ਨੂਨ ਤੋੜਨ ਲਈ ਤੰਮਲ ਨਦੂ ਕਾਂਗਰਸ
ਕੁਮੇਟੀ ਵਲੋਂ ਵਾਲੰਟੀਅਰਾਂ ਦੇ ਜਥੇ ਨੂੰ
ਅੱਗੇ ਹੋਕੇ ਲਜਾ ਰਹੀਆਂ ਸਨ ਤਾਂ ੧੪ ਮ
ਈ ਨੂੰ ਮਦਰਾਸ ਗਵਰਨਮੈਂਟ ਨੇ ਬੀਬੀ
ਨੂੰ ਫੜ ਲਿਆ ਤੇ ਇਕ ਸਾਲ ਦੀ ਕੈਦ
ਕੀਤੀ। ਬੀਬੀ ਜੀ ਦਾ ਬਾਬਾ ਜੀ
ਰਾਜਾ ਰਾਮ ਰਾਓ ਸੀ ਤੇ ਬੀਬੀ ਜੀ ਬ
ਹੁਤ ਧਨੀ ਖਾਨਦਾਨ ਵਿਚ ਜੰਮੇ ਤੇ ਪਲੇ
ਸਨ। ਬੀਬੀ ਜੀ ਦੀ ਉਮਰ ੩੯ ਸਾ
ਲਦੀ ਹੈ। ਆਪ ਨੇ ਮਦਰਾਸ ਜੂਨੀਵਰ
ਸਟੀ ਦਾ ਬੀ ਏ ਪਾਸ ਕੀਤਾ ਬੀਬੀ ਜੀ
ਆਲ ਇੰਡੀਆ ਕਾਂਗਰਸ ਕੁਮੇਟੀ ਦੇ
ਮੈਂਬਰ ਹਨ। ਜਦ ਆਪ ਨੇ ਕੁਲਦੁਨੀ
ਆਂ ਔਰਤਾਂ ਦੀ ਕਾਂਗਰਸ ਵਲੋਂ ਕੁਲ ਯੂ
ਰਪ ਦਾ ਦੌਰਾ ਕੀਤਾ ਸੀ ਤਾਂ ਆਪ ਏਸ
ਨਤੀਜੇ ਪੁਰ ਪੁਜੇ ਸਨ ਕਿ ਆਜਾਦੀ
ਬਿਨਾਂ ਹਿੰਦ ਦਾ ਕੋਈ ਕੰਮ ਰਾਸ ਨਹੀਂ
ਆ ਸਕੂਗਾ। ਬੀਬੀ ਜੀ ਯੂਥ ਲੀਗ
ਦੇ ਪ੍ਰਧਾਨ ਸਨ ਤੇ ਆਪ ਦੀ ਕੁਰਬਾਨੀ
ਤੇ ਸੇਵਾ ਦਾ ਅਸਰ ਮਦਰਾਸ ਸੂਬੇ ਦੇ ਨੌ
ਜਵਾਨਾਂ ਪੁਰ ਬਿਜਲੀ ਵਾਂਗਰ ਪੈਂਦਾ
ਰਿਹਾ ਹੈ। ਬੀਬੀ ਜੀ ਦੇ ਨਿਆਣੇ ਬੱ
ਚੇ ਬਾਹਰ ਹਨ ਪਰ ਆਪ ਹਿੰਦ ਦੀ ਖਾ
ਤਰ ਜੇਲ ਵਿਚ ਹਨ।

ਬੀਬੀ ਰੁਕਮਣੀ ਲਕਛਮੀ ਪਾਥੀ
ਜੀ ਵਰਗਿਆਂ ਇਲਮਦਾਰ ਬੀਬੀਆਂ
ਅਪਨੇ ਜਿਆਕਾਂ ਨੂੰ ਬਾਹਰ ਛਡਕੇ ਜੇਲ
ਵਿਚ ਬੈਠੀਆਂ ਹਨ ਤੇਅਸੀਂ ਕਨੇਡਾ
ਵਿਚ ਭਾਰਤ ਦੇ ਜੁਧ ਵਿਚ ਹਿੱਸਾ ਲੈਣ
ਲਈ ਕੀ ਕਰ ਰਹੇ ਹਾਂ ਏਸ ਸਵਾਲ ਦਾ
ਜਵਾਬ ਸਾਨੂੰ ਜੇ ਅਸੀਂ ਇਕ ਦਮ ਨਾਂ



ਸ੍ਰੀ ਮਤੀ ਰੁਕਮਣੀ ਲਕਛਮੀ ਪਾਠੀ

ਜਾਗੇ ਤਾਂ ਦੁਨੀਆਂ ਅੱਗੇ ਹਿੰਦ ਅੱਗੇ ਤੇ
ਰਬ ਅੱਗੇ ਦੇਣਾ ਪਵੇਗਾ। ਬੀਬੀ ਜੀ
ਦੀ ਇਹ ਤਸਵੀਰ ਸਾਨੂੰ ਮਦਰਾਸ ਕਾਂ
ਗਰਸ ਕੁਮੇਟੀ ਨੇ ਇਹ ਬੇਨਤੀ ਕਰਕੇ ਭੇ
ਜੀ ਹੈ ਕਿ ਇਹੋ ਜਿਹੇ ਹੋਰਹੇ ਅਨਰਥਾਂ
ਨੂੰ ਬਾਹਰ ਅੰਗਰੇਜੀ ਵਿਚ ਛਾਪੋ ਤੇ ਥਾਂ
ਥਾਂ ਪਤਾ ਕਰ ਦਿਓ ਕਿ ਭਾਰਤ ਦੀਆਂ
ਸਪੁਤ੍ਰੀਆਂ ਜਿਆਕ ਤੇ ਮਰਦ ਕਿਸਤਰਾਂ
ਆਜਾਦੀ ਲਈ ਲੜ ਰਹੇ ਹਨ। ਇਹ
ਕੰਮ ਕਰਨ ਲਈ ਸਭ ਤੋਂ ਕਨੇਡਾ ਵਾਲਿ
ਆਂ ਤੋਂ ਕਾਂਗਰਸ ਆਸ ਰਖਦੀ ਹੈ।
ਸਾਡਾ ਫਰਜ ਹੈ ਕਿ ਇਕ ਦਮ ਅੰਗਰੇ
ਜੀ ਪ੍ਰੋਪੇਗੰਡੇ ਦੇ ਕੰਮ ਨੂੰ ਸਾਂਭੀਏ ॥

## ਛੋਕਮਈ ਚਲਾਣੇ

ਸਾਨੂੰ ਇਹ ਸੁਣਕੇ ਬਹੁਤਹੀ ਅਫਸੋਸ
ਹੋਇਆ ਹੈ ਕਿ ਲਾਲਾ ਸੋਹਣ ਲਾਲ
ਦਾ ਬੜਾ ਭਾਈ ਛਾਮ ਲਾਲ ਜੋ ਕਿ ਕ
ਨੇਡਾ ਵਿਚ ਬਹੁਤ ਸਾਲ ਰਿਹਾ ੩੦ ਅਪ
ਰੈਲ ਨੂੰ ਅਪਣੇ ਨੱਗਰ ਔਲਕ ਵਿਚ ਜੋ
ਕਿ ਨਕੋਦਰ ਦੇ ਨੇੜੇ ਹੈ ਮਲੇਰੀਏ ਦੇ ਤਪ
ਦੀ ਬੁਮਾਰੀ ਨਾਲ ਚਲਾਣਾ ਕਰ ਗਿ
ਆ। ਅਸੀਂ ਲਾਲਾ ਸੋਹਣ ਲਾਲ ਤੇ ਉ
ਨਾਂ ਦੇ ਪ੍ਰਵਾਰ ਨਾਲ ਹਮਦਰਦੀ ਪ੍ਰਗਟ
ਕਰਦੇ ਹਾਂ ॥

* * * *

ਭਾਈ ਜੁਆਲਾ ਸਿੰਘ ਜੀ ਸਮਰਾ
ੜੀ ਵਾਲੇ ਦਾ ਛੋਕਮਈ ਚਲਾਣਾ ੪ ਜੂਨ
ਨੂੰ ਵਿਕਟੋਰੀਏ ਦੇ ਗੁਰਦੁਆਰੇ ਵਿਚ ਹੋ
ਗਿਆ ਤੇ ਸਸਕਾਰ ਰਾਇਲ ਓਕ ਸੀ
ਮੈਟਰੀ ਵਿਚ ਹੋਇਆ। ੩ ਜੂਨ ਨੂੰ ਭਾ
ਈ ਹੋਰਾਂ ਦੀ ਬੱਖੀ ਵਿਚ ਦਰਦ ਛੁਰੂ
ਹੋਇਆ ਸੀ ਪਰ ਖੰਘ ਦੀ ਬੁਮਾਰੀ ਨੇ
ਜੋ ਉਨਾਂ ਨੂੰ ਚਿਰਾਂ ਤੋਂ ਚਿਮਬੜੀ ਹੋਈ
ਸੀ ਜਬਰਦਸਤ ਸਰੀਰ ਸੁਕਾਕੇ ਲਕੜੀ
ਵਾਂਗਰ ਕਰਦਿਤਾ ਸੀ। ਪੁਰਾਣੇ ਵੀਰ
ਟਾਂਵੇਂ ਟਾਂਵੇ ਖਪਨ ਹੋਈ ਜਾਂਦੇ। ਯੰਗਮੈ
ਨਾਂ ਦਾ ਫਰਜ ਹੈ ਕਿ ਜਬਰਦਸਤੀ ਨਾ
ਲ ਕੌਮੀ ਤੌਰ ਪੁਰ ਏਸ ਦੇਸ ਵਿਚ ਜੁਮੇ
ਵਾਰੀਆਂ ਨੂੰ ਸਾਂਭਣ ਤੇ ਭਾਰਤ ਦੇ ਔਡਿ
ਆਂ ਨੂੰ ਨਾਂ ਸਿਰਫ ਕਾਇਮ ਹੀ ਰਖਣ
ਸੋਂਗੋਂ ਤੇ ਵਧੋਣ ॥

ਯੋਗ ਮੈਨੇਜਰ ਇੰਡੀਆ ਐਂਡ ਕੈਨੇਡਾ

**Manager "India & Canada," 2019 Vine St.. Vancouver. B.C.**

ਮੈਂ ਆਪ ਦਾ ਅਖਬਾਰ ਮੰਗਵੌਣ ਦਾ ਚਾਹਵਾਨ ਹਾਂ ਤੇ ਇਸ ਦੀ ਕਾਮਯਾਬੀ
ਤੇ ਵਾਧੇ ਲਈ ਮੇਰੀ ਗੂਹੜੀ ਇਛਯਾ ਹੈ ॥ ਆਪਦੇ ਇਸ ਭਾਰੇ ਤੇ ਜਰੂਰੀ ਕੌਮੀ
ਕਮ ਨੂੰ ਏਸ ਦੇਸ ਵਿਚ ਧੁਕਣ ਨਾਲ ਅਮਲੀ ਹਮਦਰਦੀ ਪ੍ਰਗਟ ਕਰਨ ਤੇ ਆਪ
ਦੀ ਪਹਲੇ ਪਰਚੇ ਵਿਚ ਛਪੀ ਅਰਜ ਅਨੁਸਾਰ ਮੈਂ ਆਪ ਨੂੰ ਦੋ ਸਾਲ ਦਾ ਚੰਦਾ ਹੁ
ਣ ਘਲਦਾ ਹਾਂ ॥ ਆਪ ਮੇਰੇ ਹੇਠ ਲਿਖੇ ਪਤੇ ਪੁਰ ਅਸਬਾਰ ਭੇਜੀ ਜਾਓ ॥

ਨਾਮ . . . . . . . . . . . . . . . . . . . .

ਪਤਾ . . . . . . . . . . . . . . . . . . .

. . . . . . . . . . . . . . . . . . .

ਉਪਰਲੀ ਪਰਚੀ ਕਟਕੇ ਤੇ ਇਸਪੁਰ ਨਾਮ ਪਤਾ ਭਰਕੇ ਚੰਦੇ ਦੇ ਨਾਲ ਹੀ ਭੇਜੋ

# ਸਾਇਮਨ ਰੀਪੋਟ

੧੦ ਜੂਨ ਨੂੰ ਸਾਇਮਨ ਕੁਮੀਛਨ ਦੀ ਪਹਿਲੀ ਰੀਪੋਟ ਛਪੀ ਜਿਸ ਦੇ ੪੪੦ ਸਫਿਆਂ ਵਿਚ ਅੰਗਰੇਜ ਦੁਨੀਆਂ ਨੂੰ ਪ੍ਰਗਟ ਕਰਦੇ ਹਨ ਕਿ ਹਿੰਦੋਸਤਾਨ ਅਪਨੀ ਗਵਰਨਮੈਂਟ ਕਾਇਮ ਕਰਨ ਦੇ ਕਾਬਲ ਨਹੀਂ। ਬੰਬਈ ਦੇ ਕਰਾਨੀਕਲ ਅਖਬਾਰ ਨੇ ਲਿਖਿਆ ਕਿ ਸਾਇਮਨ ਭਾਰਤ ਦੀ ਬਦਨਾਮੀ ਤੇ ਨਰਾਦਰੀ ਕਰਦਾ ਹੈ। ਰੀਪੋਟ ਵਿਚ ਉਨਾਂ ਗੱਲਾਂ ਨੂੰ ਪ੍ਰਗਟ ਕੀਤਾ ਹੋਇਆ ਹੈ ਜਿਨਾ ਕਰਕੇ ਹਿੰਦ ਵਾਸੀ ਦੁਨੀਆਂ ਵਿਚ ਬਦਨਾਮ ਹੋਣ। ਇਸ ਰੀਪੋਟ ਦੇ ਨਿਕਲਨ ਸਾਰ ਹੀ ਕੁਲ ਭਾਰਤ ਵਿਚ ਤੜਥਲ ਪੈ ਗਿਆ ਤੇ ਪਤਾ ਲਗ ਗਿਆ ਕਿ ਅੰਗਰੇਜਾਂ ਦੀ ਪਲੈਨ ਕੀ ਸੀ ਤੇ ਇਹ ਭੀ ਪ੍ਰਗਟ ਹੋ ਗਿਆ ਕਿ ਕਾਂਗਰਸ ਨੇ ਜੋ ਆਜਾਦੀ ਲਈ ਲੜਨ ਦਾ ਫੈਸਲਾ ਕੀਤਾ ਉਹ ਕਿਤਨਾ ਜਰੂਰੀ ਤੇ ਮੁਨਾਸਬ ਤੇ ਬਗੈਰ ਲਗਾਤਾਰ ਜੁਧ ਦੇ ਹਿੰਦ ਨੂੰ ਕੁਛ ਨਹੀਂ ਮਿਲ ਸਕਦਾ। ਜੋ ਤਜਵੀਜਾ ਸਾਇਮਨ ਕੁਮੀਛਨ ਨੇ ਹਿੰਦ ਦੀ ਗਵਰਨਮੈਂਟ ਨੂੰ ਬਦਲਨ ਲਈ ਪੇਛ ਕੀਤੀਆਂ ਉਹ ਭੀ ੨੪ ਜੂਨ ਨੂੰ ਪ੍ਰਗਟ ਹੋ ਗਈਆਂ ਤੇ ਉਨਾਂ ਦਾ ਨਚੋੜ ਇਹ ਹੈ।

੧ ਬਰਮਾ ਨੂੰ ਹਿੰਦ ਤੋਂ ਵਖਰਾ ਕੀਤਾ ਜਾਏ। ਏਸ ਤਰਾਂ ਹਿੰਦ ਨੂੰ ਟੋਟੇ ਟੋਟੇ ਕੀਤਾ ਜਾਏ। ਉਪੱਰੋਂ ਉਪੱਰੋਂ ਇਹ ਤਜਵੀਜ ਸਿੱਧੀ ਹੀ ਲਗਦੀ ਹੈ ਭਰ ਇਸ ਦੇ ਪਿਛੇ ਕੀ ਹੈ। ਬਰਮਾ ਵਿਚ ਤੇਲ ਦੇ ਖੂਹ ਹਨ ਤੇ ਨਾਲੇ ਉਮੋਤੋਂ ਨੇ ਹੀ ਅੰਗਰੇਜ ਸਿੰਘਾਪੁਰ ਵਿਚ ਬੜਾ ਭਾਰੀ ਲੜਾਈ ਦੇ ਜਹਾਜਾਂ ਦਾ ਅੱਡਾ ਬਣੌਣ ਡਹੇ ਹੋਏ ਹਨ। ਇਸ ਕਰਕੇ ਉਹ ਬਰਮਾ ਨੂੰ ਵਖਰਾ ਕਰਕੇ ਤੇ ਹਿੰਦ ਤੋਂ ਜੁਦਾ ਕਰਕੇ ਉੱਥੇ ਜਿੱਦਾ ਮਰਜੀ ਕਰ ਸਕਦੇ ਹਨ ਤੇ ਨਾਲੇ ਬਰਮਾ ਵਖਰਾ ਹੋਣ ਨਾਲ ਇੰਗਲੈਂਡ ਤੋਂ ਬਰਮਾ ਵਿਚ ਜਾਣ ਵਾਲੇ ਅੰਗਰੇਜੀ ਕਪੜੇ ਪੁਰੋਂ ਡੀਊਟੀ ਹਟ ਜਾਊਗੀ ਇਸ ਲਈ ਇਹ ਅੰਗਰੇਜਾਂ ਨੂੰ ਫਾਇਦਾ ਹੋਵੇਗਾ। ਰੀਪੋਟ ਵਿਚ ਖੋਲਕੇ ਜੋਰ ਦਿਤਾ ਹੈ ਕਿ ਬਰਮਾ ਦੇ ਲੋਕ ਵਖਰੇ ਹਨ ਉਨਾਂ ਦਾ ਧਰਮ ਤੇ ਕੌਮ ਵਖਰੀ ਹੈ ਤੇ ਇਸ ਕਰਕੇ ਉਨਾਂ ਨੂੰ ਹਿੰਦ ਤੋਂ ਜੁਦਾ ਕੀਤਾ ਜਾਵੇ।

੨ ਸੂਬਿਆਂ ਵਿਚ ਜੋ ਮਹਕਮਿਆਂ ਦੇ ਵਜੀਰ ਹੋਣ ਉਹ ਕੌਂਸਲਾਂ ਦੇ ਮੈਂਬਰਾਂ ਦੇ ਫੈਸਲੇ ਅਨੁਸਾਰ ਚਲਨ ਭਰ ਉਹ ਪੁਲਸ ਤੇ ਫੌਜ ਦੇ ਮਹਕਮਿਆਂ ਵਿਚ ਦਖਲ ਨਹੀਂ ਦੇ ਸਕਦੇ। ਏਸ ਤਰਾਂ ਜੋਰ ਤੇ ਚੌਧਰ ਅਗਰਜਾਂ ਦਾ ਹੀ ਰਹੇ। ਇਹ ਭੀ ਦਸਿਆ ਹੈ ਕਿ ਜ ਇੰਡੀਆ ਦਾ ਬਿਹਾਰ ਨਹੀਂ ਹੈ ਸਗੋਂ ਇੰਗਲੈਂਡ ਦੀ ਜੁਮੇਵਾਰੀ ਹੈ ਏਸ ਲਈ ਅੰਗਰੇਜੀ ਫੌਜ ਇੰਡੀਆ ਵਿਚ ਕਾਇਮ ਰਹੇ ਤੇ ਹਿੰਦੋਸਤਾਨੀਆਂ ਦੀਆਂ ਪਲਟਨਾਂ ਸਭ ਅੰਗਰੇਜਾਂ ਦੇ ਹਥ ਤੇ ਮਾਤਹਤ ਰਹਣ। ਜਦ ਤਕ ਫੌਜ ਅੰਗਰਜਾਂ ਦੇ ਹਥ ਹੈ ਉਦ ਤਾਈਂ ਇੰਡੀਆ ਉਨਾਂ ਦਾ ਗੁਲਾਮ ਰਹੇਗਾ। ਸੂਬਿਆਂ ਵਿਚ ਦਸ ਫੀ ਸਦੀ ਲੋਕਾਂ ਨੂੰ ਵੋਟ ਦੇਣ ਦਾ ਹਕ ਹੋਵੇ।

# ਕਨੇਡਾ ਦੀ ਗਵਰਨਮੈਂਟ ਦੀ ਚੋਣ ਜੁਲਾਈ ੧੯ ਨੂੰ

ਕਨੇਡਾ ਦੀ ਗਵਰਨਮੈਂਟ ਦੀ ਚੋਣ ਜੋ ਕਰੀਬਨ ੪ ਸਾਲ ਮਗੌਰ ਹੁੰਦੀ ਹੈ ਹੁਣ ਅਗਲੇ ਮਹੀਨੇ ੧੯ ਜੁਲਾਈ ਨੂੰ ਹੋਵੇਗੀ




ਆਨਰੇਬਲ ਵਿਲੀਅਮ ਲਾਇਨ ਮਕੈਨਜੀ ਕਿੰਗ ਕਨੇਡਾ ਦਾ ਬੜਾ ਵਜੀਰ।

ਹੁਣ ਕਨੇਡਾ ਦਾ ਬੜਾ ਵਜੀਰ ਆਨਰੇਬਲ ਵਿਲੀਅਮ ਲਾਇਨ ਮੈਕੈਨਜੀ ਕਿੰਗ ਹੈ ਜਿਸਦੀ ਤਸਵੀਰ ਉਪਰਛਪੀ ਹੋਈ ਹੈ ਏਹ ਹੁਣ ੭ ਸਾਲ ਵਜੀਰ ਰਹ ਚੁਕਾ ਹੈ। ਏਹ ਲਿਬਰਲ ਪਾਰਟੀ ਦਾ ਆਗੂੰ ਹੈ ਤੇ ਇਸਦੇ ਟਾਕਰੇ ਉਤੇ ਕਨਸਰਵੇਟਿਵ ਪਾਰਟੀ ਦਾ ਆਗੂ ਆਨਰੇਬਲ ਬੈਨਿਟ ਹੈ ਜੋ ਕਾਲਗਰੀ ਦਾ ਬਹੁਤ ਧਨੀ ਵਕੀਲ ਹੈ ਤੇ ਐਡੀ ਨਾਮੇ ਸਭ ਤੋਂ ਬੜੀ ਤੀਲੀਆਂ ਦੀ ਕੰਪਨੀ ਤੇ ਹੋਰ ਕਈ ਤਜਾਰਤਾਂ ਦਾ ਮਾਲਕ ਹੈ। ਕਨੇਡਾ ਅਮਰੀਕਾ ਦਾ ਸਭ ਤੋਂ ਭਾਰੀ ਮਾਲ ਖਰੀਦਨ ਦਾ ਗਾਹਕ ਹੈ ਭਰ ਅਮਰੀਕਾ ਨੇ ਕਨੇਡਾ ਦੇ ਬਰਖਲਾਫ ਡੀਊਟੀ ਵਧਾ ਦੇਣ ਕਰਕੇ ਜਿਸ ਵਿਚ ਲੰਬਰ ਭੀ ਛਾਮਲ ਹੈ ਹੁਣ ਕਨੇਡਾ ਦੀ ਗਵਰਨਮੈਂਟ ਨੇ ਅਮਰੀਕਾ ਦੇ ਬਰਖਲਾਫ ਭੀ ਉਨਾਂ ਜਿਨੀ ਹੀ ਡੀਊਟੀ ਵਧਾ ਦਿਤੀ ਹੈ ਤੇ ਇੰਗਲੈਂਡ ਨਾਲ ਤਜਾਰਤ ਕਰਨ ਲਈ ਰਿਐਤਾਂ ਕੀਤੀਆਂ ਹਨ। ਕਨਸਰਵੇਟਿਵ ਕਹੰਦੇ ਹਨ ਕਿ ਅਮਰੀਕਾ ਦੇ ਬਰਖਲਾਫ ਡੀਊਟੀ ਬਹੁਤ ਵਧਾਈ ਜਾਏ। ਏਸ ਟਾਕਰੇ ਦਾ ਫੈਸਲਾ ੧੯ ਜੁਲਾਈ ਨੂੰ ਹੋਵੇਗਾ। ਜੇ ਲਿਬਰਲ ਜਿਤ ਗਏ ਤਾਂ ਕਨੇਡਾ ਦਾ ਇਮੀਗਰੇਛਨ ਦਾ ਵਜੀਰ ਆਇਨ ਮਕੈਨਜੀ ਵੈਨਕੋਵਰ ਦਾ ਇਕ ਵਕੀਲ ਹੋਵੇਗਾ॥

# ਹਿੰਦੀ ਤੇ ਕਨੇਡਾ ਬੁਪਾਰ

ਮਿਸਟਰ ਕਰੋਮੀ ਵੈਨਕੋਫਰ ਦੇ ਸਨ ਅਖਭਾਰ ਦੇ ਮਾਕਲ ਨੇ ਜੋ ਪਿਛਲੇ ਸਾਲ ਇੰਡੀਆਂ ਵਿਚ ਦੌਰਾ ਕਰਕੇ ਆਇਆ ਹੈ ਮੌਂਟਰੀਆਲ ਵਿਚ ੧੯ ਜੂਨ ਨੂੰ ਲੈਕਚਰ ਕਰਦੇ ਨੇ ਕਿਹਾ ਕਿ ਇੰਡੀਆ ਤੇ ਕਨੇਡਾ ਦੇ ਵਿਚਾਲੇ ਬੁਪਾਰ ਉਦ ਤਾਈਂ ਨਹੀਂ ਵਧ ਸਕਦਾ ਜਦ ਤਕ ਕਿ ਤਾਰਾਂ ਭੇਜਨ ਦੀ ਕੀਮਤ ਨਹੀਂ ਘਟਾਈ ਜਾਂਦੀ। ਉਸਨੇ ਦਸਿਆ ਕਿ ਅੰਗਰੇਜਾਂ ਨੇ ਹਿੰਦ ਦਾ ਬੁਪਾਰ ਸਾਂਭਣ ਲਈ ਇੰਗਲੈਂਡ ਤੋਂ ਇੰਡੀਆ ਨੂੰ ਤਾਰ ਭੇਜਣ ਦੀ ਕੀਮਤ ਇਕ ਲਫਜ ਦੇ ੬ ਸੈਂਟ ਕੀਤੀ ਹੋਈ ਹੈ ਤੇ ਇਸ ਕਰਕੇ ਤਾਰਾਂ ਰਸਤੇ ਬਹੁਤ ਬੁਪਾਰ ਵਧਦਾ ਗਿਆ ਹੈ ਭਰ ਕਨੇਡਾ ਤੋਂ ਇੰਡੀਆ ਜੋ ਕਿ ਉਤਨਾ ਹੀ ਫਾਸਲਾ ਹੈ ਨੂੰ ਤਾਰ ਭੇਜਣ ਦਾ ਖਰਚ ਇਕ ਲਫਜ ਦਾ ੬੦ ਸੈਂਟ ਫੀ ਲਫਜ ਹੈ ਜੋ ਕਿ ੬ ਸੈਂਟਾਂ ਨ ਂ ਦਸ ਗੁਣਾ ਹੈ॥

* * * *

ਭਾਈ ਪਿਆਰਾ ਸਿੰਘ ਜੀ ਦੇ ਤੁਰਨ ਵੇਲੇ ਦੀਆਂ ਤਸਵੀਰਾਂ ਗਿਲੀਆਂ ਹੋਣ ਕਰਕੇ ਇਸ ਪਰਚੇ ਨਾਲ ਭੇਜਣੀਆਂ ਕਠਣ ਹੁਈਆਂ ਹਨ॥ ਹੁਣ ਜਾਂ ਅਗਲੇ ਪਰਚੇ ਨਾਲ ਔਣਗੀਆਂ ਤੇ ਜਾਂ ਵਖਰੀਆਂ ਘਲੀਆਂ ਜਾਣਗੀਆਂ॥

## ਨਵੀ ਜਗਾ




## ਯੂਚੋ ਚਾਓ ਸਟੂਡੀਓ

ਪ੧੮ ਮੇਨ ਸਟਰੀਟ ਵੈਨਕੋਵਰ
ਫੋਨ ਟਰਿਨੀਟੀ ੪੪੬੬

### ਸਾਡਾ ਸਟੂਡੀਓ ਰਾਤ

ਦਿਨ ਹਰ ਮੌਸਮ ਮੀਂਹ ਹਨੇਰੀ ਵਿਚ
ਸਦਾ ਹੀ ਖੁਲਾ ਰਹਿੰਦਾ ਹੈ

ਅਸੀਂ ਸਭ ਚੀਜ ਦੀਆਂ ਸੱਭ ਜਗਾ
ਕਿਸੇ ਭੀ ਵੇਲੇ ਜਦ ਤੇ ਜਿਥੇ ਆਪ ਚਾਹੋ

### ਫੋਟੋ ਦੀਆਂ ਤਸਵੀਰਾਂ

ਖਿਚ ਕੇ ਦੇਵਾਂਗੇ ॥
ਸਾਨੂੰ ਫੋਨ ਕਰੋ ਜਾਂ ਸਟੂਡੀਓ ਵਿਚ ਆਓ

## ਮੌਡਰਨ ਗੈਰਾਜ ਤੇ ਗੈਸ

ਫੋਰਥ ਐਵ ਨੂ ਤੇ ਗਰੈਨਵਲ ਦਾ ਕੋਣਾ
ਖਾਹਾਂ ਤੇ ਟਰਕ ਮੁਰਮਤ ਕਰਾਓ ਤੇ ਗੈਸ
ਤੇ ਤੇਲ ਲਓ ਫੋਨ ਬੇਵੀਊ ੭੪੧੨ ॥

## ਡਾਕਟਰ ਹੌਂਗ

ਡਾਕਟਰ ਲੂਈ ਹੌਂਗ ਦੰਦਾਂ ਦਾ ਤੇ ਹੋਰ
ਰੋਗਾਂ ਦਾ ਭੀ ਡਾਕਦਾਰ ਹੈ ॥ ਦੰਦ ਪੀੜ
ਤੋਂ ਬਗੈਰ ਕਢਦਾ ਹੈ ॥ ਹਰ ਕਿਸਮ ਦੇ ਦੰ
ਦ ੨੦ ਸਾਲ ਦੀ ਗਰੰਟੀ ਨਾਲ ਲੌਂਦਾ ਹੈ
ਹਿੰਦੁਸਤਾਨੀਆਂ ਦੇ ਬਿਜਨਸ ਨੂੰ ਚੰਗਾ ਹੈ
ਪਤਾ ੮੦ ਐਡਰ ਸਟਰੀਟ ਵੈਨਕੂਵਰ

ਟੈਲੀਫੋਨ ਪ੩੧੭ ਆਰ

## ਪੀਅਰੁਲਸ ਲਾਂਡਰੀ

ਅਪਣੇ ਧੁਔਣ ਵਾਲੇ ਕਪੜੇ ਤੇ
ਸਾਫ ਕਰੌਣ ਵਾਲੀਆਂ ਵਰਦੀਆਂ
ਜੇ ਆਪ ਲਿਆਓ ਤਾਂ ਆਪਨੂੰ ਦਸ
ਫੀਸਦੀ ਬੱਚਤ ਹੋਵੇਗੀ ॥ ਸਾਡਾ ਦ
ਫਤਰ ੮ ਬਜੇ ਸੁਵੇਰ ੋਤ ੬ ਬਜੇ ਤ
ਕਾਲਾਂ ਤਕ ਖੁਲਾ ਰਹਿੰਦਾ ਹੈ ॥ ੬
ਬਜੇ ਤੋਂ ਬਾਦ ਤੁਸੀਂ ਅਪਣੇ ਪਾਰ
ਸਲ ਪਾਇਨ ਸਟਰੀਟ ਦੇ ਸਾਡੇ ਬੂ
ਹੇ ਦੀ ਬਾਰੀ ਥਾਣੀਂ ਸਿਟਸਕਦੇਹੋ

## ਦੰਦਾਂ ਦਾ

ਮਾਹਰ ਵਧੀਆ ਤੇ ਮਛਾਹੂਰ

## ਡਾਕਟਰ ਲਮ ਸ ਯੁਐਨ

ਟੈਲੀਫੋਨ ਨੰਬਰ ਸੀਮੋਰ ੩੬੩੫

ਦਫਤਰ ਦਾ ਪਤਾ
431½ ਕੋਲੰਬੀਆ ਸਟਰੀਟ ਵੈਨਕੋਵਰ

## ਦੀ ਕੈਨੇਡੀਅਨ ਬੈਂਕ ਔਫ ਕਾਮਰਸ

ਇਸ ਬੈਂਕ ਕੋਲ ਬੀ ਸੀ ਦੇ ਸਿਖ ਵਸ
ਨੀਕਾਂ ਨਾਲ ਬਿਹਾਰ ਕਰਨ ਲਈ ਖਾ
ਸ ਸਿਫਤਾਂ ਹਨ ਤੇ ਖਾਸ ਕਰਕੇ ਹਿੰਦ ਨੂੰ
ਰੁਪਈਆ ਭੇਜਣ ਲਈ ਸਭ ਨਾਲੋਂ ਵਧ
ਕੇ ਇੰਤਜਾਮ ਹੈ

ਰੁਪਏ ਭੇਜਣੇ ਹੋਣ ਤਾਂ ਸਾਨੂੰ ਪੁਛੋ ॥
ਸੇਵਿੰਗ ਅਕੌਂਟ ਸਾਡੀਆਂ ਇਸ ਸੂਬੇ ਦੀ
ਆਂ ੬੯ ਛਾਖਾਂ ਵਿਚ ਆਦਰ ਨਾਲ ਖੋਲੇ
ਜਾਂਦੇ ਹਨ ॥ ਡਬਲਯੂ ਐਚ ਜੇਮਜ
ਮੈਂਨੇਜਰ ਫੇਅਰਵੀਊ ਬਰਾਂਚ
ਕੋਣਾਂ ਛੇਵਾਂ ਤੇ ਗਰੈਨਵਲ ਵੈਨਕਵਰ

## ਇਮਪੀਰਿਅਲ ਬੈਂਕ

ਗਰੈਨਵਲ ਸਟਰੀਟ ਵੈਨਕੋਵਰ
ਫੋਰਥ ਐਵੀਨੀਊ ਦੇ ਨੇੜੇ
ਸੇਵਿੰਗ ਅਕੌਂਟ ਇਥੇ ਖੋਲੋ ਅਸੀਂ
ਜੀ ਆਇਆਂ ਕਹਕੇ ਖੋਲਾਂਗੇ ॥

ਅਸੀਂ ਡਾਲਿਆਂ ਦਾ ਬੱਟਾ ਰੁਪੀ
ਆਂ ਵਿਚ ਬਹੁਤ ਹੀ ਸਸਤੇ ਭਾ
ਪੁਰ ਕਰਦੇ ਹਾਂ ॥

ਆਪ ਸਾਡੇ ਰਾਹੀਂ ਹਿੰਦੁਸਤਾਨ
ਵਿਚ ਹਰ ਜਗਾ ਰੁਪਈਏ ਭੇਜ ਸਕ
ਦੇ ਹੋ ॥
ਜੇ ਕੇ ਐਂਡਰਸਨ ਮੈਨੇਜਰ

## ਪੈਸੇ ਦੀ ਮਦਤ ਨਾਲ ਹੁ ਲ ਅਖਬਾਰ ਚਲ ਤੇ ਵਧ ਸਕਦਾ ਹੈ ਕਿਰਪਾ ਕਰਕੇ ਘੌਲ ਨਾਂ ਕਰੋ ਤੇ ਅਜ ਹੀ ਅਪਲਾ ਚੰਦਾ ਘਲਦਿਓ

## ਡਾਲਰ ਕੰਪਨੀ ਦੇ ਸੋਹਲੇ ਜਹਾਜਾਂ ਥਾਣੀ ਦੇਸ ਨੂੰ ਜਾਓ ਤੇ ਮੁੜਕੇ ਆਓ

ਸਾਡੇ ਜਹਾਜਾਂ ਵਿਚ ਦੇਸੀ ਖਾਣਾ ਤੇ ਸੁ ਦੰਰ
ਲੰਗਰ ਹੈ। ਠੰਡਾ ਤੇ ਗਰਮ ਜਲ ਵਰਤੋ ਤੇ ਭੁਆਰਿ
ਆਂ ਦੇ ਅਸਨਾਨ ਕਰੋ। ਟੱਟੀਆਂ ਦਾ ਸੋਹਣਾ ਬੰਦੋ
ਬਸਤ ਹੈ। ਸੌਣਨੂੰ ਗਦੇਲੇ ਤੇ ਸਰਹਾਣੇ ਲਓ ॥

ਜੇ ਜਥੇ ਤੇ ਟੋਲੀਆਂ ਬਣਾਕੇ ਜਾਓ ਤਾਂ ਹੋਰ ਭੀ
ਖਾਸ ਜਗਾ ਦਾ ਬੰਦੋਬਸਤ ਕੀਤਾਜਾਇਗਾ

ਮੂਵਿੰਗ ਪਿਕਚਰਾਂ ਜਹਾਜ ਵਿਚ ਦੇਖੋ ॥

ਵੈਨਕੋਵਰੋਂ ਵਿਕਟੋਰੀਏ ਤਾਈਂ ਟਿਕਟ ਮੁਫਤ

ਆਪਦੇ ਅਸਬਾਬ ਤੇ ਆਪਨੂੰ ਮੁਫਤ ਜਹਾਜ ਪੁਰ
ਪੁਚਾਇਆ ਜਾਇਗਾ ॥ ਜਰਮੇਜਾ ਸਿੰਘ ਤੋਂ ਫੋਨ
ਬੇਵੀਊ ੮੬੪੨ ਐਲ ਤੇ ਅਡਰੇਸ ੩੭੧੬ ੧੧ ਐਵੀ
ਨੀਊ ਵੈਸਟ ਵੈਨਕੋਵਰ ਤੋਂ ਹੋਰ ਪਤਾ ਲਓ ॥



ROBERT O. BULLWINKEL
District Passenger Agent
AMERICAN MAIL LINES. DOLLAR STEAMSHIP LINES
"Orient-Round the World"
517 Granville Street    Phone Seymour 8680    Vancouver, B.C.